ਸਤੰਬਰ 2021: ਸਾਡੇ ਵਿਦਿਆਰਥੀਆਂ ਦੀ ਵਾਪਸੀ ਦਾ ਸੁਆਗਤ




## ਕਲਾਸ ਵਿਚ (In-Person) ਪੜ੍ਹਾਈ ਜਾਂ ਘਰ ਤੋਂ ਹੀ (Remote) ਪੜ੍ਹਨਾ ?

**2021-2022 ਸਕੂਲ ਸਾਲ ਲਈ ਅਹਿਮ ਚੋਣ ਕਰਨੀ**

ਵਾਟਰਲੂ ਰੀਯਨ ਡਿਸਟਰਿਕਟ ਸਕੂਲ ਬੋਰਡ (WRDSB) ਆਪਣੇ ਵਿਦਿਆਰਥੀਆਂ ਅਤੇ ਸਟਾਫ਼ ਦੀ ਸਤੰਬਰ 2021 ਵਿੱਚ ਸਕੂਲ ਵਾਪਸੀ ਲਈ ਜੀ-ਆਇਆਂ ਕਹਿਣ ਲਈ ਬਹੁਤ ਉਤਾਵਲਾ ਹੈ। ਸਤੰਬਰ ਮਹੀਨੇ ਤੋਂ ਆਪਣੇ ਬੱਚਿਆਂ ਦੇ ਸਿੱਖਣ ਦੇ ਤਰੀਕੇ ਦੀ ਚੋਣ ਕਰਦੇ ਸਮੇਂ ਪਰਿਵਾਰਾਂ ਲਈ ਅੱਗੇ ਦਿੱਤੀ ਜਾ ਰਹੀ ਜਾਣਕਾਰੀ ਨੂੰ ਧਿਆਨ ਨਾਲ਼ ਪੜ੍ਹਨਾ ਬਹੁਤ ਜ਼ਰੂਰੀ ਹੈ ਕਿਉਂਕਿ ਤੁਸੀਂ ਆਪਣੇ ਬੱਚਿਆਂ ਦੀ ਪੜ੍ਹਾਈ ਦੇ ਤਰੀਕੇ ਬਾਰੇ ਅਹਿਮ ਫ਼ੈਸਲਾ ਕਰਨਾ ਹੈ। **ਯਾਦ ਰੱਖੋ ਕਿ ਇਹ ਫ਼ੈਸਲਾ ਪੂਰੇ ਸਾਲ ਲਈ ਹੈ।**

ਬੇਸ਼ੱਕ WRDSB ਇਸ ਗੱਲ ਦਾ ਧਾਰਨੀ ਹੈ ਕਿ ਕਲਾਸ ਵਿਚਲੀ ਪੜ੍ਹਾਈ ਵਿਦਿਆਰਥੀਆਂ ਦੀ ਸਭ ਤੋਂ ਵਧੀਆ ਤਰੀਕੇ ਨਾਲ਼ ਮਦਦ ਕਰਦੀ ਹੈ ਪਰ ਅਸੀਂ ਇਹ ਵੀ ਮੰਨਦੇ ਹਾਂ ਕਿ ਬਦਲਦੀਆਂ ਵਿਲੱਖਣ ਪ੍ਰਸਥਿਤੀਆਂ ਦੇ ਫ਼ਲਸਰੂਪ ਸ਼ਾਇਦ ਕੁਝ ਪਰਿਵਾਰ ਆਪਣੇ ਬੱਚਿਆਂ ਨੂੰ ਘਰ ਤੋਂ ਹੀ ਪੜ੍ਹਾਉਣਾ ਚਾਹੁੰਦੇ ਹੋਣ। ਸਿੱਖਿਆ ਮੰਤਰਾਲੇ ਦੀਆਂ ਹਦਾਇਤਾਂ ਅਨੁਸਾਰ, WRDSB ਸਤੰਬਰ ਮਹੀਨੇ ਤੋਂ ਰੀਮੋਟ ਲਰਨਿੰਗ ਪ੍ਰੋਗਰਾਮ (ਘਰੋਂ ਹੀ ਔਨਲਾਈਨ ਪੜ੍ਹਾਈ) ਦੀ ਚੋਣ ਵੀ ਦੇਣ ਬਾਰੇ ਯੋਜਨਾ ਬਣਾ ਰਿਹਾ ਹੈ। ਜੇ ਇਸ ਸਮੱਗਰੀ ਨੂੰ ਪੜ੍ਹਨ ਤੋਂ ਬਾਅਦ ਤੁਸੀਂ ਆਪਣੇ ਬੱਚਿਆਂ ਦੀ ਅਗਲੇ ਸਾਲ ਦੀ ਪੜ੍ਹਾਈ ਲਈ ਰੀਮੋਟ ਲਰਨਿੰਗ ਪ੍ਰੋਗਰਾਮ ਚੁਣਨਾ ਚਾਹੋ ਤਾਂ ਤੁਹਾਨੂੰ **3 ਮਈ, ਸ਼ਾਮ ਦੇ 4.00 ਵਜੇ ਤੱਕ** ਹੇਠ ਲਿਖੇ ਲਿੰਕ `ਤੇ ਜਾ ਕੇ ਰੀਮੋਟ ਲਰਨਿੰਗ ਪ੍ਰੋਗਰਾਮ ਰਿਕੁਐਸਟ ਫ਼ਾਰਮ (Remote Learning Request Form ) ਭਰਨਾ ਪਵੇਗਾ।
**ਨੋਟ ਕਰੋ:** ਜੇ ਮਾਪਿਆਂ ਵੱਲੋਂ ਰੀਮੋਟ ਲਰਨਿੰਗ ਪ੍ਰੋਗਰਾਮ ਰਿਕੁਐਸਟ ਫ਼ਾਰਮ ਨਾ ਭਰਿਆ ਗਿਆ ਤਾਂ ਅਸੀਂ ਸਮਝਾਂਗੇ ਕਿ ਤੁਹਾਡੇ ਬੱਚੇ ਇਨ-ਕਲਾਸ ਪੜ੍ਹਾਈ ਕਰਨਗੇ ਤੇ ਅਸੀਂ ਉਨ੍ਹਾਂ ਨੂੰ ਉਨ੍ਹਾਂ ਦੇ ਆਪਣੇ ਸਕੂਲ ਜਾਂ ਮੈਗਨਿਟ ਪ੍ਰੋਗਰਾਮ ਸਕੂਲ ਵਿੱਚ ਇਨ-ਪਰਸਨ ਸਿੱਖਿਆ ਲਈ ਦਾਖ਼ਲ ਕਰ ਦਿਆਂਗੇ। ਜੇ ਤੁਹਾਡਾ ਕੋਈ ਸਵਾਲ ਹੈ ਤਾਂ ਮਿਹਰਬਾਨੀ ਕਰਕੇ ਆਪਣੇ ਬੱਚੇ ਦੇ ਸਕੂਲ ਨਾਲ਼ ਸੰਪਰਕ ਕਰੋ।

## ਸਿੱਖਿਆ, ਸਿਹਤਯਾਬੀ ਅਤੇ ਦਿਮਾਗ਼ੀ ਤੰਦਰੁਸਤੀ

WRDSB ਦਾ ਮੰਨਣਾ ਹੈ ਕਿ ਵਿਦਿਆਰਥੀ ਦੀ ਸਿੱਖਿਆ, ਦਿਮਾਗ਼ੀ ਤੰਦਰੁਸਤੀ ਅਤੇ ਸਿਹਤਯਾਬੀ ਇਨ-ਕਲਾਸ ਪੜ੍ਹਾਈ ਰਾਹੀਂ ਸਭ ਤੋਂ ਵਧੀਆ ਤਰੀਕੇ ਨਾਲ਼ ਕਾਇਮ ਰੱਖੀਆਂ ਜਾ ਸਕਦੀਆਂ ਨੇ ਅਤੇ ਤੁਹਾਡੇ ਵੱਲੋਂ ਦਿੱਤੇ ਗਏ ਸੁਝਾਵਾਂ ਨੇ ਵੀ ਇਸੇ ਗੱਲ ਦੀ ਪੁਸ਼ਟੀ ਕੀਤੀ ਹੈ। ਅਸੀਂ ਵਿਦਿਆਰਥੀਆਂ, ਉਨ੍ਹਾਂ ਦੇ ਪਰਿਵਾਰਾਂ ਅਤੇ ਸਟਾਫ਼ ਕੋਲ਼ੋਂ ਸਕੂਲਾਂ ਦੀ ਮਹੱਤਤਾ ਅਤੇ ਕਲਾਸ ਵਿੱਚ ਬੈਠ ਕੇ ਸਿੱਖਣ ਦੇ ਵਿਲੱਖਣ ਫਾਇਦਿਆਂ ਬਾਰੇ ਸੁਣਿਆ ਹੈ, ਜਿਨ੍ਹਾਂ ਵਿੱਚ ਨਿਮਨਲਿਖਤ ਸ਼ਾਮਲ ਹਨ: :

- ਛੋਟੇ ਬੱਚਿਆਂ, ਅੰਗ੍ਰੇਜ਼ੀ ਸਿੱਖਣ ਵਾਲ਼ਿਆਂ, ਸਪਸ਼ੈਲ ਐਜੂਕੇਸ਼ਨ ਦੇ ਲੋੜਵੰਦ ਵਿਦਿਆਰਥੀਆਂ, ਆਪਣੇ ਆਪ ਕੰਮ ਕਰਨ ਵਿੱਚ ਮੁਸ਼ਕਲ ਮਹਿਸੂਸ ਕਰਦੇ ਵਿਦਿਆਰਥੀਆਂ ਅਤੇ ਕਮਜ਼ੋਰ ਬੱਚਿਆਂ ਦੀਆਂ ਲੋੜਾਂ ਦੀ ਬਿਹਤਰਤਰੀਕੇ ਨਾਲ਼ ਪੂਰਤੀ ਕਰਦੀ ਹੈ।
- ਆਪਣੇ ਅਧਿਆਪਕਾਂ ਅਤੇ ਹਾਣੀਆਂ ਨਾਲ਼ ਇੱਕ ਦੂਸਰੇ ਪ੍ਰਤੀ ਸਦ-ਭਾਵਨਾ ਵਾਲ਼ੇ ਨਾਤੇ ਰਾਹੀਂ ਦਿਮਾਗ਼ੀ ਤੰਦਰੁਸਤੀ ਅਤੇ ਸਿਹਤਯਾਬੀ ਵਿੱਚ ਸਹਾਇਕ ਹੁੰਦੀ ਹੈ।
- ਵਿਦਿਆਰਥੀਆਂ ਵਿੱਚ ਇਕ ਦੁਜੇ ਨਾਲ ਅਪਣੱਤ , ਨੇੜਤਾ ਅਤੇ ਭਾਈਚਾਰਕ ਸਾਂਝ ਦੀ ਸਮਝ ਪੈਦਾ ਕਰਦੀ ਹੈ।

ਤੁਹਾਡੇ ਵੱਲੋਂ ਮਿਲ਼ੇ ਸੁਝਾਵਾਂ ਤੋਂ ਸਾਨੂੰ ਪਤਾ ਲੱਗਾ ਹੈ ਕਿ ਜਦੋਂ ਅਸੀਂ ਅਗਲੇ ਸਾਲ ਸਕੂਲਾਂ ਵਿੱਚ ਵਾਪਿਸ ਆਵਾਂਗੇ ਤਾਂ ਵਿਦਿਆਰਥੀਆਂ ਦੀ ਦਿਮਾਗ਼ੀ ਤੰਦਰੁਸਤੀ ਅਤੇ ਸਿਹਤਯਾਬੀ ਵੱਲ ਧਿਆਨ ਦੇਣਾ ਬਹੁਤ ਹੀ ਮਹੱਤਵਪੂਰਨ ਹੋਵੇਗਾ। ਵਿਦਿਆਰਥੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਬੀਤਿਆ ਸਾਲ ਬਹੁਤ ਹੀ ਮੁਸ਼ਕਲਾਂ ਭਰਿਆ ਰਿਹਾ ਹੈ। ਮਜ਼ਬੂਤ ਨਾਤਿਆਂ, ਨੇੜਤਾਵਾਂ ਅਤੇ ਅਪਣੱਤ ਦੇ ਅਹਿਸਾਸ ਨੂੰ ਯਕੀਨੀ ਬਣਾਉਣਾ ਵਿਦਿਆਰਥੀਆਂ ਦੀ ਪੜ੍ਹਾਈ ਲਈ ਬੁਨਿਆਦੀ ਲੋੜ ਹੋਵੇਗਾ। ਸਾਡਾ ਸਟਾਫ਼ ਸੁਰੱਖਿਅਤ, ਸਦ-ਭਾਵਨਾ ਵਾਲ਼ੇ ਅਤੇ ਮੁਕੰਮਲ ਕਲਾਸ ਰੂਮਾਂ ਅਤੇ ਸਕੂਲੀ ਭਾਈਚਾਰਿਆਂ ਦੀ ਉਸਾਰੀ ਨੂੰ ਪਹਿਲ ਦੇਵੇਗਾ ਜਿੱਥੇ ਵਿਦਿਆਰਥੀ ਆਪਣੀ ਪਛਾਣ ਅਤੇ ਸੁਣਵਾਈ ਮਹਿਸੂਸ ਕਰਨ ਅਤੇ ਕਿਸੇ ਨਾਲ਼ ਨੇੜਤਾ ਦਾ ਮਜ਼ਬੂਤ ਅਹਿਸਾਸ ਕਰਨ।

## ਸਾਡੇ ਸਕੂਲਾਂ ਵਿੱਚ ਸੁਰੱਖਿਅਤ ਅਤੇ ਸਿਹਤਮੰਦ ਵਿੱਦਿਅਕ ਵਾਤਾਵਰਣ

WRDSB ਸਿਹਤ ਅਤੇ ਸੁਰੱਖਿਆ ਪ੍ਰਤੀ ਸਾਰੀਆਂ ਹਦਾਇਤਾਂ ਦੀ ਪਾਲਣਾ ਕਰਨ ਅਤੇ ਸਕੂਲਾਂ ਨੂੰ ਸੁਰੱਖਿਅਤ ਤਰੀਕੇ ਨਾਲ਼ ਚੱਲਦੇ ਰੱਖਣ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ। ਸਾਡੇ ਸਟਾਫ਼, ਵਿਦਿਆਰਥੀਆਂ ਅਤੇ ਮਾਪਿਆਂ ਦੀ ਮਦਦ ਸਦਕਾ ਸਾਡੇ ਸਕੂਲਾਂ ਵਿੱਚ ਨਾ-ਮਾਤਰ ਹੀ COVID-19 ਫੈਲੀ ਹੈ ਅਤੇ ਵਾਟਰਲੂ ਰੀਜਨ ਦੇ ਸਿਹਤ ਮੰਤਰਾਲੇ ਨਾਲ਼ ਸਾਡੀ ਸਾਂਝ ਨੇ ਸਾਨੂੰ ਇਸ ਬਿਮਾਰੀ ਨਾਲ਼ ਅਸਰਦਾਇਕ ਤਰੀਕੇ ਨਾਲ਼ ਨਜਿੱਠਣ ਦੇ ਕਾਬਿਲ ਬਣਾਇਆ ਹੈ। 2021-2022 ਦੇ ਸਕੂਲ ਸਾਲ ਦੌਰਾਨ ਅਸੀਂ ਸਮਾਂ ਪਾ ਕੇ ਆਮ ਹਾਲਤਾਂ ਵੱਲ ਮੁੜਨ ਦੀ ਆਸ ਕਰਦੇ ਹਾਂ ਅਤੇ ਜਿਵੇਂ ਹੀ ਇਹ ਕਰਨਾ ਸੁਰੱਖਿਅਤ ਹੋਵੇਗਾ, ਅਸੀਂ ਲੋਕਲ ਪਬਲਿਕ ਹੈਲਥ ਦੀ ਸਲਾਹ ਦੇ ਆਧਾਰ `ਤੇ ਅਤੇ ਸਿਹਤ ਮੰਤਰਾਲੇ ਦੇ ਆਦੇਸ਼ਾਂ ਹੇਠ ਕੰਮ ਕਰਦੇ ਰਹਾਂਗੇ।

## ਇਨ-ਪਰਸਨ (ਕਾਲਸ ਵਿੱਚ) ਐਲੀਮੈਂਟਰੀ ਸਿੱਖਿਆ

ਕਿੰਡਰਕਾਰਟਨ ਤੋਂ ਲੈ ਕੇ ਅਠਵੀਂ ਜਮਾਤ ਤੱਕ ਸਾਡੀ ਇਨ-ਪਰਸਨ ਸਿੱਖਿਆ ਦਾ ਮਾਡਲ ਸਾਡੇ ਮੌਜੂਦਾ ਤਰੀਕੇ `ਤੇ ਅਧਾਰਿਤ ਹੋਵੇਗਾ।

- ਵਿਦਿਆਰਥੀ ਕਲਾਸਾਂ ਵਿੱਚ ਹੀ ਵੰਡੇ ਰਹਿਣਗੇ ਅਤੇ ਸਕੈਜੂਅਲ ਦੀ ਲੋੜ ਅਨੁਸਾਰ ਸਟਾਫ਼ ਇੱਕ ਕਲਾਸ ਤੋਂ ਦੂਸਰੀ ਕਲਾਸ ਤੱਕ ਜਾਂਦਾ ਰਹੇਗਾ।
- ਹਰ ਹੋਮਰੂਮ/ਜਮਾਤ ਨੂੰ ਪਾਠ ਪੜ੍ਹਾਉਣ ਵਾਲ਼ੇ ਅਧਿਆਪਕਾਂ ਦੇ ਸੰਪਰਕਾਂ ਦੀ ਗਿਣਤੀ ਨੂੰ ਘਟਾਉਣ ਲਈ ਲਗਾਤਾਰ ਧਿਆਨ ਵਿੱਚ ਰੱਖਿਆ ਜਾਵੇਗਾ।
- ਲੋੜ ਪੈਦਾ ਹੋਣ `ਤੇ  ਜਾਂ ਕਿਸੇ ਵਿਦਿਆਰਥੀ ਦੇ ਸੀਮਤ ਸਮੇਂ ਲਈ ਇਕਾਂਤ-ਵਾਸ ਜਾਣ ਦੀ ਸਥਿਤੀ ਵਾਸਤੇ ਅਧਿਆਪਕਾਂ ਤੋਂ ਹਰ ਸਮੇਂ ਵਰਚੂਅਲ  ਸਿੱਖਿਆ (ਜਿਵੇਂ ਕਿ ਗੂਗਲ ਕਲਾਸਰੂਮ ਜਾਂ ਬਰਾਈਟਸਪੇਸ) ਦੇ ਅਸਰਦਾਇਕ ਤਰੀਕੇ ਵਜੋਂ ਬਰਕਰਾਰ ਰੱਖਣ ਦੀ ਆਸ ਕੀਤੀ ਜਾਵੇਗੀ ਤਾਂ ਜੋ ਲੋੜ ਪੈਣ `ਤੇ ਰੀਮੋਟ ਲਰਨਿੰਗ ਚਾਲੂ ਕਰਨ ਵਿੱਚ ਸੌਖ ਰਹੇ।

## ਸੈਕੰਡਰੀ ਲੈਵਲ ਦੀ ਇਨ-ਪਰਸਨ ਸਿੱਖਿਆ

ਇਨ-ਪਰਸਨ ਸਿੱਖਿਆ ਮੌਜੂਦਾ ਸੁਰੱਖਿਆ ਮਾਪਦੰਡਾਂ ਨਾਲ਼ ਸ਼ੁਰੂ ਹੋਵੇਗੀ। ਜਿਉਂ ਜਿਉਂ ਸਕੂਲ ਸਾਲ ਬੀਤਦਾ ਜਾਵੇਗਾ, ਅਸੀਂ ਸਿਹਤ ਸਬੰਧੀ ਹਦਾਇਤਾਂ ਅਧੀਨ ਪੜਾਅ-ਦਰ-ਪੜਾਅ ਆਮ-ਹਾਲਤਾਂ ਵਾਲੇ ਮਹੌਲ ਵਾਲ਼ੀਆਂ ਗਤੀਵਿਧੀਆਂ ਵੱਲ ਵਧਦੇ ਰਹਿਣ ਦੀ ਆਸ ਕਰਾਂਗੇ।

- ਸਤੰਬਰ ਮਹੀਨੇ ਵਿੱਚ ਅਸੀਂ ਆਪਣੇ ਸੈਕੰਡਰੀ ਸਕੂਲਾਂ ਨੂੰ ਸਮੈਸਟਰਾਂ ਵਿੱਚ ਸੰਗਠਤ ਕਰਨ ਦੀ ਵਿਉਂਤ ਬਣਾ ਰਹੇ ਹਾਂ ਪਰ ਲੋੜ ਪੈਣ `ਤੇ ਅਸੀਂ ਕੁਆਡਮੈਸਟਰ (10 ਹਫ਼ਤੇ ਦਾ ਸਮੈਸਟਰ) ਵਿੱਚ ਤਬਦੀਲ ਹੋਣ ਲਈ ਵੀ ਤਿਆਰ ਰਹਾਂਗੇ, ਪਰ ਇਹ ਵਿੱਦਿਆ ਮੰਤਰਾਲੇ ਅਤੇ ਪਬਲਿਕ ਹੈਲਥ ਦੇ ਨਿਰਦੇਸ਼ਾਂ `ਤੇ ਨਿਰਭਰ ਕਰੇਗਾ।
- ਇਸ ਸਮੇਂ ਸਾਡਾ ਅਨੁਮਾਨ ਹੈ ਕਿ ਵਿਦਿਆਰਥੀ ਏ ਅਤੇ ਬੀ ਗਰੁੱਪਾਂ ਵਿੱਚ ਵੰਡੇ ਰਹਿਣਗੇ ਅਤੇ ਇੱਕ ਦਿਨ `ਚ ਸਿਰਫ ਇੱਕ ਗਰੁੱਪ ਹੀ ਕਲਾਸ ਵਿੱਚ ਹਾਜ਼ਰ ਹੋ ਸਕੇਗਾ। ਹਾਲੇ ਕਿਸੇ ਵਿਸ਼ੇਸ਼ ਰੋਜ਼ਾਨਾ ਸਕੈਜੂਅਲ ਦੀ ਪੁਸ਼ਟੀ ਨਹੀਂ ਕੀਤੀ ਜਾ ਸਕਦੀ ਪਰ ਸਾਡੇ ਤੱਕ ਤੁਹਾਡੇ ਸੁਝਾਅ ਪਹੁੰਚ ਗਏ ਹਨ  ਕਿ ਇੱਕ ਦਿਨ `ਚ ਸਿੱਖਿਆ ਦਾ ਸਿਰਫ ਇੱਕ ਹੀ ਬਲੌਕ ਹੋਣਾ ਚਾਹੀਦਾ ਹੈ। ਅਸੀਂ ਰੋਜ਼ਾਨਾ ਦੋ ਕਲਾਸਾਂ ਅਤੇ ਦੋ ਕਲਾਸਾਂ ਦੇ ਦਰਮਿਆਨ ਇੱਕ ਲੰਚ ਬਰੇਕ ਦੇ ਹਿਸਾਬ ਨਾਲ਼ ਜਾਂ ਤਾਂ ਆਪਣਾ ਸਾਲ ਸ਼ੁਰੂ ਕਰਨਾ ਚਾਹੁੰਦੇ ਹਾਂ ਅਤੇ ਜਾਂ ਫਿਰ ਛੇਤੀ ਤੋਂ ਛੇਤੀ ਅਜਿਹਾ ਕਰਨਾ ਚਾਹੁੰਦੇ ਹਾਂ।
- ਜਦੋਂ ਵੀ ਸਿੱਖਿਆ ਮੰਤਰਾਲੇ ਅਤੇ ਪਬਲਿਕ ਹੈਲਥ ਦੀ ਸੇਧ ਅਤੇ ਨਿਰਦੇਸ਼ ਗਰੁੱਪ ਖ਼ਤਮ ਕੀਤੇ ਜਾਣ, ਰੋਜ਼ਾਨਾ ਹਾਜ਼ਰੀ, ਅਤੇ/ਜਾਂ ਕੁਝ ਹੋਰ ਰੈਗੂਲਰ ਸਕੈਜੂਅਲ ਵੱਲ ਪਰਤਣ ਦੀ ਹਾਮੀਂ ਭਰਨਗੇ, ਅਸੀਂ ਛੇਤੀ ਤੋਂ ਛੇਤੀ ਉਹ ਬਦਲਾਓ ਲਾਗੂ ਕਰਨ ਦੀ ਕੋਸ਼ਿਸ਼ ਕਰਾਂਗੇ।
- ਲੋੜ ਪੈਦਾ ਹੋਣ `ਤੇ  ਜਾਂ ਕਿਸੇ ਵਿਦਿਆਰਥੀ ਦੇ ਸੀਮਤ ਸਮੇਂ ਲਈ ਇਕਾਂਤ-ਵਾਸ ਜਾਣ ਦੀ ਸਥਿਤੀ ਵਾਸਤੇ ਅਧਿਆਪਕਾਂ ਤੋਂ ਹਰ ਸਮੇਂ ਵਰਚੂਅਲ  ਸਿੱਖਿਆ (ਜਿਵੇਂ ਕਿ ਗੂਗਲ ਕਲਾਸਰੂਮ ਜਾਂ ਬਰਾਈਟਸਪੇਸ) ਨੂੰ ਅਸਰਦਾਇਕ ਤਰੀਕੇ ਵਜੋਂ ਬਰਕਰਾਰ ਰੱਖਣ ਦੀ ਆਸ ਕੀਤੀ ਜਾਵੇਗੀ ਤਾਂ ਜੋ ਲੋੜ ਪੈਣ `ਤੇ ਰੀਮੋਟ ਲਰਨਿੰਗ ਚਾਲੂ ਕਰਨ ਵਿੱਚ ਸੌਖ ਰਹੇ।

## ਸਤੰਬਰ ਵਿਚਲੇ ਰੀਮੋਟ ਲਰਨਿੰਗ ਪ੍ਰੋਗਰਾਮ

WRDSB ਵੱਲੋਂ ਉਨ੍ਹਾਂ ਵਿਦਿਆਰਥੀਆਂ ਲਈ ਐਲੀਮੈਂਟਰੀ ਅਤੇ ਸੈਕੰਡਰੀ ਪ੍ਰੋਗਰਾਮ ਪੇਸ਼ ਕੀਤੇ ਜਾਣਗੇ ਜੋ ਵਰਚੂਅਲ ਮਾਧਿਅਮ ਰਾਹੀਂ ਸਿੱਖਿਆ ਹਾਸਲ ਕਰਨੀ ਚਾਹੁੰਦੇ ਹੋਣਗੇ। ਰੀਮੋਟ ਲਰਨਿੰਗ ਪ੍ਰੋਗਰਾਮ ਇਸ ਸਾਲ ਪੇਸ਼ ਕੀਤੇ ਜਾਣ ਵਾਲ਼ੇ ਡਿਸਟੈਂਸ ਲਰਨਿੰਗ ਪ੍ਰੋਗਰਾਮਾਂ ਦੇ ਮੌਡਲ `ਤੇ ਹੀ ਅਧਾਰਿਤ ਹੋਣਗੇ। ਪ੍ਰੋਗਰਾਮ ਦੇ ਨਾਂ ਦੀ ਤਬਦੀਲੀ ਸਿਰਫ ਸਿੱਖਿਆ ਮੰਤਰਾਲੇ ਵੱਲੋਂ ਵਰਤੀ ਜਾਂਦੀ ਸ਼ਬਦਾਵਲੀ ਕਾਇਮ ਰੱਖਣ ਕਰਕੇ ਹੀ ਹੈ। ਵਧੇਰੇ ਵਿਦਿਆਰਥੀਆਂ ਦੇ ਇਨ-ਪਰਸਨ ਕਲਾਸਾਂ ਵੱਲ ਪਰਤਣ ਕਰਕੇ ਅਸੀਂ ਓਨੇ ਪ੍ਰੋਗਰਾਮ ਪੇਸ਼ ਨਹੀਂ ਕਰ ਸਕਾਂਗੇ ਜਿੰਨੇ 2020-2021 ਸਕੂਲ ਸਾਲ ਦੌਰਾਨ ਕੀਤੇ ਗਏ ਸਨ।

## ਐਲੀਮੈਂਟਰੀ ਰੀਮੋਟ ਲਰਨਿੰਗ ਪ੍ਰੋਗਰਾਮ

WRDSB ਦਾ ਐਲੀਮੈਂਟਰੀ ਰੀਮੋਟ ਲਰਨਿੰਗ ਪ੍ਰੋਗਰਾਮ (ERLP) ਸਾਡਾ ਪੂਰੇ ਦਿਨ ਦਾ ਕਿੰਡਰਗਾਰਟਨ ਪ੍ਰੋਗਰਾਮ, ਇੰਗਲਿਸ਼ ਪ੍ਰੋਗਰਾਮ, ਅਤੇ ਕੋਰ ਫਰੈਂਚ ਪ੍ਰੋਗਰਾਮ ਪੇਸ਼ ਕਰੇਗਾ। ਕਾਬਲ ਫਰੈਂਚ ਇਮਰਸਨ ਅਧਿਆਪਕਾਂ ਦੀ ਕਮੀ ਹੋਣ ਕਰਕੇ WRDSB ਵੱਲੋਂ ERLP ਫਰੈਂਚ ਇਮਰਸਨ ਪ੍ਰੋਗਰਾਮ ਦੀ ਗਰੰਟੀ ਨਹੀਂ ਦਿੱਤੀ ਜਾ ਸਕਦੀ। ਜਿਹੜੇ ਮਾਪੇ ਆਪਣੇ ਬੱਚਿਆਂ ਲਈ ਫਰੈਂਚ ਇਮਰਸਨ ਪ੍ਰੋਗਰਾਮ ਦੀ ਗਰੰਟੀ ਚਾਹੁੰਦੇ ਹਨ ਉਨ੍ਹਾਂ ਨੂੰ ਇਨ-ਪਰਸਨ ਸਿੱਖਿਆ `ਤੇ ਗੌਰ ਕਰਨਾ ਚਾਹੀਦਾ ਹੈ। ਇਸ ਸਾਲ ਵਾਂਗ ਹੀ, ਸਾਡੇ ERLP ਵਿੱਚ ਵੱਖ ਵੱਖ ਜਮਾਤਾਂ ਦੀਆਂ ਇਕੱਠੀਆਂ ਕਲਾਸਾਂ ਵੀ ਸ਼ਾਮਲ ਹੋਣਗੀਆਂ। ਵਿਦਿਆਰਥੀ ਰੋਜ਼ਾਨਾ 180 ਤੋਂ 225 ਮਿੰਟ ਦੀ ਸਮਕਾਲੀ (ਸਕੂਲ ਵਿਚਲੀ ਕਲਾਸ ਦੇ ਸਮੇਂ ਨਾਲ਼ ਹੀ) ਸਿੱਖਿਆ ਹਾਸਲ ਕਰਿਆ ਕਰਨਗੇ ਜਿਸ ਵਿੱਚ 40 – 40 ਮਿੰਟ ਦੀਆਂ ਦੋ ਖਾਣੇ ਦੀਆਂ ਬਰੇਕਾਂ ਵੀ ਸ਼ਾਮਲ ਹੋਣਗੀਆਂ।

## ਸੈਕੰਡਰੀ ਰੀਮੋਟ ਲਰਨਿੰਗ ਪ੍ਰੋਗਰਾਮ

WRDSB ਦਾ ਸੈਕੰਡਰੀ ਰੀਮੋਟ ਲਰਨਿੰਗ ਪ੍ਰੋਗਰਾਮ (SRLP) ਸਾਰੀਆਂ ਪ੍ਰੋਗਰਾਮ ਧਾਰਾਵਾਂ (ਉਪਲਭਦ ਪ੍ਰੋਗਰਾਮਾਂ ਦੀ ਸੰਖੇਪ ਸੂਚੀ) ਵਿੱਚ ਹਰ ਗਰੇਡ ਦੇ ਲੈਵਲ ਲਈ ਕੋਰਸਾਂ ਦੀ ਸੀਮਤ ਚੋਣ ਪੇਸ਼ ਕਰੇਗਾ: ਲੋਕਲੀ ਤਿਆਰ ਕੀਤੇ/ਜ਼ਰੂਰੀ, ਕੰਮ ਵਾਲ਼ੇ ਥਾਵਾਂ ਲਈ ਤਿਆਰੀ ਵਾਲ਼ੇ, ਅਪਲਾਈਡ, ਕਾਲਿਜ ਲਈ ਤਿਆਰੀ ਵਾਲ਼ੇ, ਅਕਾਦਮਿਕ, ਅਤੇ ਯੂਨੀਵਰਸਿਟੀ ਲਈ ਤਿਆਰੀ ਵਾਲ਼ੇ। ਸੈਕੰਡਰੀ ਲੈਵਲ ਦੇ ਵਿਦਿਆਰਥੀ ਅਗਲੇ ਸਾਲ ਦੇ ਕੋਰਸਾਂ ਦੀ ਚੋਣ ਕਰ ਚੁੱਕੇ ਹਨ ਅਤੇ SRLP

ਦੀ ਚੋਣ ਕਰਨ ਵਾਲ਼ੇ ਵਿਦਿਆਰਥੀ ਅਤੇ ਮਾਪੇ ਨੋਟ ਕਰਨ ਕਿ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਚੁਣੇ ਹੋਏ ਗਰੈਜੂਏਸ਼ਨ ਦੇ ਰਸਤੇ ਲਈ ਲੋੜੀਂਦੇ ਕੋਰਸ ਪੇਸ਼ ਕਰਨ ਦੀ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ।

ਜੇ ਵਿਦਿਆਰਥੀਆਂ ਲਈ SRLP ਵਿੱਚ ਆਪਣੀ ਲੋੜ ਦੇ ਕੋਈ ਕੋਰਸ ਨਾ ਉਪਲਭਦ ਹੋਣ ਤਾਂ ਉਨ੍ਹਾਂ ਕੋਲ਼ E-learning courses ਦੀ ਕੈਟਾਲੌਗ `ਚੋਂ ਚੋਣ ਕਰਨ ਦੀ ਸੁਵਿਧਾ ਹੈ। SRLP ਵਿੱਚ ਸਿਸਟਮ ਪ੍ਰੋਗਰਾਮ, ਜਿਵੇਂ ਕਿ ਸਪੈਸ਼ਲਿਸਟ ਹਾਈ ਸਕਿੱਲ ਮੇਜਰਜ਼ (SHSM), ਅਡਵਾਂਸਡ ਪਲੇਸਮੈਂਟ (AP), ਇੰਟਰਨੈਸ਼ਨਲ ਬੈਕਾਲੌਰੀਏਟ (IB), ਇੰਟੀਗਰੇਟਡ ਆਰਟਸ, ਫਰੈਂਚ ਇਮਰਸਨ/ਐਸਕਟੈਂਡਡ ਫਰੈਂਚ ਜਾਂ ਸਕੂਲ ਦੇ ਹੋਰ ਸਪੈਸ਼ਲ ਪ੍ਰੋਗਰਾਮ ਉਪਲਬਦ ਨਹੀਂ ਹੋਣਗੇ ਅਤੇ ਇਹ ਪ੍ਰੋਗਰਾਮ ਸਿਰਫ ਇਨ-ਪਰਸਨ ਸਕੂਲਾਂ ਵਿੱਚ ਹੀ ਉਪਲਬਦ ਹੋਣਗੇ।

SRLP ਲਈ ਉਹੀ ਕਲੰਡਰ ਅਤੇ ਰੋਜ਼ਾਨਾ ਸਕੈਜੂਅਲ ਵਰਤਿਆ ਜਾਵੇਗਾ ਜੋ ਸਾਡੇ ਰੈਗੂਲਰ ਪ੍ਰੋਗਰਾਮਾਂ ਵਿੱਚ ਵਰਤਿਆ ਜਾਂਦਾ ਹੈ। ਫਿਲਹਾਲ ਅਸੀਂ ਆਪਣੇ ਸੈਕੰਡਰੀ ਸਕੂਲਾਂ ਨੂੰ ਸਮੈਸਟਰਾਂ ਵਿੱਚ ਸੰਗਠਤ ਕਰਨ ਦੀ ਯੋਜਨਾ ਬਣਾ ਰਹੇ ਹਾਂ ਪਰ ਲੋੜ ਪੈਣ `ਤੇ ਅਸੀਂ ਕੁਆਡਮੈਸਟਰ ਵਿੱਚ ਤਬਦੀਲ ਹੋਣ ਲਈ ਵੀ ਤਿਆਰ ਹੋਵਾਂਗੇ। ਅਜੇ ਕਿਸੇ ਖ਼ਾਸ ਰੋਜ਼ਾਨਾ ਸਕੈਜੂਅਲ ਨੂੰ ਅੰਤਿਮ ਰੂਪ ਨਹੀਂ ਦਿੱਤਾ ਗਿਆ ਪਰ ਜਦੋਂ ਇਹ ਤਿਆਰ ਹੋ ਗਿਆ ਤਾਂ ਪੂਰੇ ਸਕੂਲ ਸਾਲ ਦੌਰਾਨ ਵਰਤਿਆ ਜਾਵੇਗਾ।

## ਸਪੈਸ਼ਲ ਐਜੂਕੇਸ਼ਨ, ਸਪੈਸ਼ਲਾਈਜ਼ਡ ਪ੍ਰੋਗਰਾਮ ਕਲਾਸਾਂ ਅਤੇ IEPs

ਸਾਡੇ ਇਸ ਸਾਲ ਦੇ ਤਜ਼ਰਬੇ ਨੇ ਸਾਬਤ ਕੀਤਾ ਹੈ ਕਿ ਖ਼ਾਸ ਵਿੱਦਿਅਕ ਲੋੜ ਵਾਲ਼ੇ ਵਿਦਿਆਰਥੀਆਂ ਲਈ ਇਨ-ਪਰਸਨ ਪੜ੍ਹਾਈ ਦਾ ਤਰੀਕਾ ਸਭ ਤੋਂ ਵੱਧ ਮਦਦਗਾਰ ਹੈ, ਖ਼ਾਸ ਕਰਕੇ ਕੌਂਗਰੀਗੇਟਡ (ਖ਼ਾਸ ਲੋੜਾਂ ਵਾਲ਼ੇ ਬੱਚਿਆਂ ਦੀਆਂ) ਕਲਾਸਾਂ ਵਿਚਲੇ ਅਤੇ ਬਦਲਵੇਂ ਐਜੂਕੇਸ਼ਨ ਪ੍ਰੋਗਰਾਮਾਂ ਵਿਚਲੇ ਬੱਚਿਆਂ ਵਾਸਤੇ। ਇਸ ਕਰਕੇ 2021-2022 ਸਕੂਲ ਸਾਲ ਵਿੱਚ ਕੌਂਗਰੀਗੇਟਡ ਕਲਾਸਾਂ ਅਤੇ ਬਦਲਵੇਂ (ਵਿਕਲਪ) ਐਜੂਕੇਸ਼ਨ ਪ੍ਰੋਗਰਾਮ ਫਿਰ ਤੋਂ ਇਨ-ਪਰਸਨ ਹੀ ਪੜ੍ਹਾਏ ਜਾਣਗੇ।

ਸਪੈਸ਼ਲ ਐਜੂਕੇਸ਼ਨ ਲੋੜਾਂ ਵਾਲ਼ੇ ਵਿਦਿਆਰਥੀਆਂ ਦੀਆਂ ਅਹਿਮ ਲੋੜਾਂ ਦੀ ਪੂਰਤੀ, ਤਬਦੀਲੀਆਂ ਜਾਂ ਉਨ੍ਹਾਂ ਦੇ ਇਨਡਵਿਯੂਅਲ ਐਜੂਕੇਸ਼ਨ ਪਲੈਨ (IEP) ਵਿੱਚ ਉਪਲਬਦ ਪ੍ਰੋਗਰਾਮਾਂ `ਚੋਂ ਬਦਲਵੇਂ ਪ੍ਰੋਗਰਾਮਾਂ ਦੀ ਪੇਸ਼ਕਸ਼ ਰਾਹੀਂ ਮਦਦ ਜਾਰੀ ਰਹੇਗੀ।

## ਪਰਿਵਾਰਾਂ ਦੇ ਫ਼ੈਸਲੇ ਅਨੁਸਾਰ ਉਨ੍ਹਾਂ ਦੀ ਮਦਦ

ਮਾਪਿਆਂ ਲਈ ਇਹ ਗੱਲ ਬਹੁਤ ਜ਼ਰੂਰੀ ਹੈ ਕਿ ਉਹ ਇਸ ਗੱਲ ਵੱਲ ਧਿਆਨ ਦੇਣ ਕਿ ਉਨ੍ਹਾਂ ਦੇ ਬੱਚਿਆਂ ਦੇ ਸਿੱਖਣ, ਦਿਮਾਗ਼ੀ ਤੰਦਰੁਸਤੀ ਅਤੇ ਸਿਹਤਯਾਬੀ ਲਈ ਕਿਹੜੀ ਚੀਜ਼ ਸਭ ਤੋਂ ਵੱਧ ਫਾਇਦੇਮੰਦ ਹੈ --- ਤੁਸੀਂ ਹੀ ਆਪਣੇ ਬੱਚੇ ਨੂੰ ਸਭ ਤੋਂ ਵੱਧ ਜਾਣਦੇ ਹੋ। ਇਹ ਇੱਕ ਅਹਿਮ ਫ਼ੈਸਲਾ ਹੈ ਅਤੇ ਸਲਾਹ ਦਿਆਂਗੇ ਕਿ ਤੁਸੀਂ ਇਸ ਬਾਰੇ ਆਪਣੇ ਬੱਚੇ, ਬੱਚੇ ਦੇ ਅਧਿਆਪਕ ਜਾਂ ਮਦਦ ਕਰਨ ਵਾਲ਼ੇ ਸਟਾਫ਼ ਨਾਲ਼ ਮਸ਼ਵਰਾ ਕਰੋ। **ਯਾਦ ਰਹੇ ਕਿ ਇਹ ਫ਼ੈਸਲਾ ਪੂਰੇ ਸਕੂਲ ਸਾਲ ਲਈ ਹੋਵੇਗਾ।** ਅਸੀਂ ਇੱਕ ਸਰੋਤ ਮੁਹੱਈਆ ਕੀਤਾ ਹੈ: Further information to support families as they make a decision. ਇੱਕ ਵਾਰ ਫਿਰ, ਜੇ ਤੁਹਾਡਾ ਕੋਈ ਸਵਾਲ ਹੈ ਤਾਂ ਮਿਹਰਬਾਨੀ ਕਰਕੇ ਆਪਣੇ ਬੱਚੇ ਦੇ ਸਕੂਲ ਨਾਲ਼ ਸੰਪਰਕ ਕਰੋ।

## ਰੀਮੋਟ ਲਰਨਿੰਗ ਪ੍ਰੋਗਰਾਮ ਦੀ ਚੋਣ ਕਿਵੇਂ ਕਰੀਏ

ਜਿਹੜੇ ਮਾਪੇ ਜਾਂ ਕੇਅਰਗਿਵਰ ਆਪਣੇ ਬੱਚਿਆਂ ਨੂੰ 2021-2022 ਦੇ ਸਕੂਲ ਸਾਲ ਵਾਸਤੇ WRDSB ਦੇ ਰੀਮੋਟ ਲਰਨਿੰਗ ਪ੍ਰੋਗਰਾਮ ਵਿੱਚ ਦਾਖ਼ਲ ਕਰਵਾਉਣਾ ਚਾਹੁੰਦੇ ਹਨ, ਉਨ੍ਹਾਂ ਨੂੰ ਆਪਣੇ ਹਰੇਕ ਬੱਚੇ ਲਈ ਅਲੱਗ ਰੀਮੋਟ ਲਰਨਿੰਗ ਪ੍ਰੋਗਰਾਮ ਰਿਕੁਐਸਟ ਫੌਰਮ ਭਰਨਾ ਪਵੇਗਾ। ਅਸੀਂ ਬੇਨਤੀ ਕਰਦੇ ਹਾਂ ਕਿ ਜਿਹੜੇ ਮਾਪੇ ਜਾਂ ਕੇਅਰਗਿਵਰ ਇਹ ਬੇਨਤੀ ਕਰਨਾ ਚਾਹੁੰਦੇ ਨੇ ਕਿ ਉਨ੍ਹਾਂ ਦਾ ਬੱਚਾ ਜਾਂ ਬੱਚੇ ਰੀਮੋਟ ਲਰਨਿੰਗ ਪ੍ਰੋਗਰਾਮ ਵਿੱਚ ਹਿੱਸਾ ਲੈਣ, **ਮਿਹਰਬਾਨੀ ਕਰਕੇ ਉਹ ਲੋਕ 3 ਮਈ 2021 ਨੂੰ ਸ਼ਾਮ 4:00 ਵਜੇ ਤੱਕ ਫਾਰਮ ਭਰ ਦੇਣ।**

**ਰੀਮੋਟ ਲਰਨਿੰਗ ਰਿਕੁਐਸਟ ਫਾਰਮ ਵੇਖੋ**

**ਮਾਪਿਆਂ ਨੂੰ ਯਾਦ ਕਰਾਇਆ ਜਾਂਦਾ ਹੈ ਕਿ ਇਹ ਫ਼ੈਸਲਾ ਪੂਰੇ ਸਾਲ ਲਈ ਹੈ।** ਜੇ ਮਾਪਿਆਂ ਵੱਲੋਂ ਰੀਮੋਟ ਲਰਨਿੰਗ ਪ੍ਰੋਗਰਾਮ ਰਿਕੁਐਸਟ ਫਾਰਮ ਨਹੀਂ ਭਰਿਆ ਜਾਵੇਗਾ ਤਾਂ ਅਸੀਂ ਸਮਝਾਂਗੇ ਕਿ ਤੁਹਾਡਾ ਬੱਚਾ/ਬੱਚੇ ਇਨ-ਪਰਸਨ ਸਕੂਲ ਵਿੱਚ ਸ਼ਾਮਲ ਹੋਣਗੇ ਅਤੇ ਅਸੀਂ ਇਨ-ਪਰਸਨ ਸਿੱਖਿਆ ਵਾਸਤੇ ਉਨ੍ਹਾਂ ਨੂੰ ਉਨ੍ਹਾਂ ਦੇ ਹੋਮ (ਜੋ ਉਨ੍ਹਾਂ ਦਾ ਆਪਣਾ ਸਕੂਲ ਹੈ) ਜਾਂ ਮੈਗਨਿਟ ਪ੍ਰੋਗਰਾਮ ਸਕੂਲ ਵਿੱਚ ਦਾਖ਼ਲ ਕਰ ਦਿਆਂਗੇ। ਅਸੀਂ ਸਮਝਦੇ ਹਾਂ ਕਿ ਇਸ ਸਮੇਂ ਪਰਿਵਾਰਾਂ ਲਈ ਇਹ ਫ਼ੈਸਲਾ ਕਰਨਾ ਕਿੰਨਾ ਮੁਸ਼ਕਲ ਹੋਵੇਗਾ ਪਰ ਆਪਣੇ ਸਕੂਲਾਂ, ਸਰੋਤਾਂ, ਅਤੇ ਲੋੜੀਂਦੇ ਸਟਾਫ਼ ਦੀ ਵਾਜਬ ਤਿਆਰੀ ਲਈ ਸਾਨੂੰ ਸਮਾਂ ਚਾਹੀਦਾ ਹੈ।

ਤਿਆਰੀ ਕਰਨ ਵਿੱਚ ਸਾਡੀ ਮਦਦ ਕਰਨ ਲਈ ਅਸੀਂ ਤੁਹਾਡਾ ਧੰਨਵਾਦ ਕਰਦੇ ਹਾਂ। ਅਸੀਂ ਸਤੰਬਰ 2021 ਵਿੱਚ ਤੁਹਾਡੇ ਬੱਚਿਆਂ ਨੂੰ ਸੁਰੱਖਿਅਤ, ਸਦ-ਭਾਵਨਾ ਵਾਲ਼ੇ ਅਤੇ ਪੂਰੇ-ਸੂਰੇ ਕਲਾਸਰੂਮਾਂ ਵਿੱਚ ਜੀਅ-ਆਇਆਂ ਕਹਿਣ ਲਈ ਤਿਆਰ-ਬਰ-ਤਿਆਰ ਹਾਂ।